15112026-Mai-05_Layout 1 11/14/2026 10:46 PM Page 1

ਪੈਰੋਲ ਦੇ ਬਾਵਜੂਦ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਨਹੀਂ ਲਿਆਂਦਾ ਜਾ ਸਕਿਆ

ਜਗਤਾਰ ਸਿੰਘ ਲਾਂਬਾ

ਅੰਮ੍ਰਿਤਸਰ, 14 ਨਵੰਬਰ

ਮੈਂਬਰ ਪਾਰਲੀਮੈਂਟ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਅੰਮ੍ਰਿਤਪਾਲ ਸਿੰਘ ਖ਼ਾਲਸਾ ਹਿਰਾਸਤੀ ਪੈਰੋਲ ਮਿਲਣ ਦੇ ਬਾਵਜੂਦ ਅੱਜ ਅੰਮ੍ਰਿਤਸਰ ਨਹੀਂ ਪੁੱਜ ਸਕੇ। ਇਸ ਦੌਰਾਨ ਪਰਿਵਾਰ ਵੱਲੋਂ ਮਾਤਾ ਚਰਨ ਕੌਰ ਦੇ ਅੰਤਿਮ ਸੰਸਕਾਰ ਦੀ ਤਰੀਕ ਅੱਗੇ ਪਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਅੰਮ੍ਰਿਤਪਾਲ ਸਿੰਘ ਦੀ ਪੈਰੋਲ ਸਬੰਧੀ ਨਵੀਂ ਤਰੀਕ ਬਾਰੇ ਨਵੀਂ ਅਰਜ਼ੀ ਸੋਮਵਾਰ ਨੂੰ ਅਦਾਲਤ ਵਿੱਚ ਦਾਇਰ ਕੀਤੀ ਜਾਵੇਗੀ।



ਅਦਾਲਤ ਨੇ 13 ਨਵੰਬਰ ਨੂੰ ਹੁਕਮ ਜਾਰੀ ਕਰਦਿਆਂ 14 ਨਵੰਬਰ ਨੂੰ ਉਨ੍ਹਾਂ ਨੂੰ ਪੰਜਾਬ ਲਿਆਉਣ ਦੀ ਇਜਾਜ਼ਤ ਦਿੱਤੀ ਸੀ। ਇਸ ਦੇ ਨਾਲ ਹੀ ਉਨ੍ਹਾਂ ਦੇ ਚਾਚਾ ਹਰਜੀਤ ਸਿੰਘ ਅਤੇ ਮਾਤਾ ਚਰਨ ਕੌਰ ਦੇ ਦੋਹਤੇ ਸੁਖਮਨਪ੍ਰੀਤ ਸਿੰਘ ਨੂੰ ਵੀ ਨਾਲ ਲਿਆਉਣ ਦੀ ਵਿਵਸਥਾ ਦੇ ਹੁਕਮ ਸਨ ਪਰ 13 ਨਵੰਬਰ ਨੂੰ ਹੁਕਮ ਜਾਰੀ ਹੋਣ ਤੋਂ ਬਾਅਦ 14 ਨਵੰਬਰ ਤੱਕ ਬਹੁਤ ਥੋੜ੍ਹਾ ਸਮਾਂ ਹੋਣ ਕਾਰਨ ਅਤੇ ਲੋੜੀਂਦੀ ਕਾਨੂੰਨੀ ਤੇ ਪ੍ਰਸ਼ਾਸਨਿਕ ਪ੍ਰਕਿਰਿਆ ਪੂਰੀ ਨਾ ਹੋ ਸਕਣ ਕਾਰਨ ਅੰਮ੍ਰਿਤਪਾਲ ਸਿੰਘ ਨੂੰ ਅੱਜ ਪੰਜਾਬ ਨਹੀਂ ਲਿਆਂਦਾ ਜਾ ਸਕਿਆ। ਪਾਰਟੀ ਦੇ ਆਗੂ ਸ਼ਮਸ਼ੇਰ ਸਿੰਘ ਪੱਧਰੀ ਇਸ ਮਾਮਲੇ ਵਿੱਚ ਪੈਰੋਲ ਦੀ ਤਰੀਕ ਵਿੱਚ ਸੋਧ ਕਰਵਾਉਣ ਲਈ ਅਕਾਲੀ ਦਲ ਵਾਰਿਸ ਪੰਜਾਬ ਦੀ ਕਾਨੂੰਨੀ ਟੀਮ ਨੇ ਅੱਜ ਸਬੰਧਤ ਡਿਊਟੀ ਮੈਜਿਸਟਰੇਟ ਨੂੰ ਅਰਜ਼ੀ ਦੇਣ ਲਈ ਉਨ੍ਹਾਂ ਦੀ ਰਿਹਾਇਸ਼ 'ਤੇ ਪਹੁੰਚ ਕੀਤੀ, ਪਰ ਅਰਜ਼ੀ ਸਵੀਕਾਰ ਨਹੀਂ ਕੀਤੀ ਗਈ। ਉਪਰੰਤ ਕਾਨੂੰਨੀ ਟੀਮ ਨੇ ਦੂਜੇ ਡਿਊਟੀ ਮੈਜਿਸਟਰੇਟ ਕੋਲ ਅਰਜ਼ੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਉਪਰੰਤ ਟੀਮ ਨੇ ਸੈਸ਼ਨ ਜੱਜ ਤੱਕ ਵੀ ਪਹੁੰਚ ਕੀਤੀ, ਪਰ ਅੱਜ ਇਸ ਮਾਮਲੇ ਵਿੱਚ ਕੋਈ ਅਗਲੀ ਕਾਨੂੰਨੀ ਕਾਰਵਾਈ ਸੰਭਵ ਨਹੀਂ ਹੋ ਸਕੀ।

ਕੇਜਰੀਵਾਲ ਨੂੰ ਧਮਕੀ ਦੇਣ ਵਾਲਾ ਗ੍ਰਿਫ਼ਤਾਰ

ਐੱਸ ਏ ਐੱਸ ਨਗਰ (ਮੁਹਾਲੀ) (ਖੇਤਰੀ ਪ੍ਰਤੀਨਿਧ): ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕੋਲੋਂ ਸੱਤ ਕਰੋੜ ਰੁਪਏ ਦੀ ਫ਼ਿਰੌਤੀ ਮੰਗਣ ਦੇ ਮਾਮਲੇ 'ਚ ਮੁਹਾਲੀ ਪੁਲੀਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਸ਼ਨਾਖ਼ਤ ਕੋਮਲ ਉਰਫ਼ ਕੋਬਰਾ ਜਾਂਗੜਾ ਵਜੋਂ ਹੋਈ ਹੈ। ਉਸ ਨੇ ਖ਼ੁਦ ਨੂੰ ਲਾਰੈਂਸ ਗੈਂਗ ਦਾ ਮੈਂਬਰ ਦੱਸਦਿਆਂ ਇਹ ਫ਼ਿਰੌਤੀ ਮੰਗੀ ਸੀ। ਪੁਲੀਸ ਨੇ ਅੱਜ ਉਸ ਨੂੰ ਮੁਹਾਲੀ ਦੀ ਅਦਾਲਤ ਵਿਚ ਪੇਸ਼ ਕਰ ਕੇ ਇੱਕ ਦਿਨ ਦਾ ਰਿਮਾਂਡ ਹਾਸਲ ਕੀਤਾ ਹੈ। ਦੱਸਣਯੋਗ ਲੰਘੇ ਦਿਨੀਂ ਦਿੱਲੀ ਦੇ ਤਿਲਕ ਨਗਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਜਰਨੈਲ ਸਿੰਘ ਦੇ ਮੋਬਾਈਲ 'ਤੇ ਧਮਕੀ ਦਿੱਤੀ ਗਈ ਸੀ ਕਿ ਜੇ ਫਿਰੌਤੀ ਨਾ ਦਿੱਤੀ ਗਈ ਤਾਂ ਅਰਵਿੰਦ ਕੇਜਰੀਵਾਲ ਤੇ ਉਨ੍ਹਾਂ ਦੀ ਧੀ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ। ਇਸ ਮਗਰੋਂ ਜਰਨੈਲ ਸਿੰਘ ਦੀ ਸ਼ਿਕਾਇਤ 'ਤੇ ਮੁਹਾਲੀ ਦੇ ਕ੍ਰਾਈਮ ਸੈੱਲ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਸੀ।

ਪਹਿਲੇ ਸਫ਼ੇ ਤੋਂ

ਕੌਣ ਬਣੇਗਾ ਕਰੋੜਪਤੀ

ਕਰਵਾਏ ਜਾਣਗੇ। ਜ਼ਿਲ੍ਹਾ ਪੱਧਰੀ ਮੁਕਾਬਲੇ 9 ਦਸੰਬਰ ਨੂੰ ਸਾਰੇ 23 ਜ਼ਿਲ੍ਹਿਆਂ 'ਚ ਕਰਵਾਏ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ 'ਪੰਜਾਬ ਦਾ ਕਰੋੜਪਤੀ' ਦੇ ਪ੍ਰਸ਼ਨ ਬੈਂਕ ਵਿੱਚ ਲਗਪਗ 50 ਹਜ਼ਾਰ ਸਵਾਲ ਸ਼ਾਮਲ ਹੋਣਗੇ, ਜੋ ਪੰਜਾਬ ਦੇ ਇਤਿਹਾਸ, ਸੱਭਿਆਚਾਰ, ਭੂਗੋਲ, ਗਣਿਤ ਅਤੇ ਪੰਜਾਬ ਸਰਕਾਰ ਨਾਲ ਸਬੰਧਤ ਜਾਣਕਾਰੀ 'ਤੇ ਆਧਾਰਿਤ ਹੋਣਗੇ। ਇਹ ਪ੍ਰਸ਼ਨ ਕਾਂਸਟੇਬਲ, ਪਟਵਾਰੀ ਅਤੇ ਪੀ ਸੀ ਐੱਸ ਵਰਗੇ ਅਹੁਦਿਆਂ 'ਤੇ ਭਰਤੀ ਲਈ ਲਈਆਂ ਜਾਣ ਵਾਲੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਪੈਟਰਨ ਅਨੁਸਾਰ ਹੀ ਹੋਣਗੇ। ਭਗਵੰਤ ਮਾਨ ਨੇ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ 'ਪੰਜਾਬ ਦਾ ਕਰੋੜਪਤੀ' ਲਈ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਾਉਣ ਅਤੇ ਆਪਣੀ ਸਖ਼ਤ ਮਿਹਨਤ ਨਾਲ ਕਰੋੜਾਂ ਰੁਪਏ ਦੇ ਨਕਦ ਇਨਾਮ ਜਿੱਤਣ। ਇਹ ਮੁਕਾਬਲਾ ਨੌਜਵਾਨਾਂ ਨੂੰ ਕਰੋੜਾਂ ਰੁਪਏ ਦੇ ਇਨਾਮ ਜਿੱਤਣਯੋਗ ਬਣਾਉਣ ਦੇ ਨਾਲ-ਨਾਲ ਭਵਿੱਖ 'ਚ ਸਰਕਾਰੀ ਪ੍ਰੀਖਿਆਵਾਂ ਲਈ ਵੀ ਪਹਿਲਾਂ ਹੀ ਤਿਆਰ ਕਰੇਗਾ।

ਜੈਸ਼ੰਕਰ

ਹੈ ਜਾਂ ਕੋਈ ਨਵਾਂ ਹਵਾਈ ਅੱਡਾ ਸ਼ੁਰੂ ਹੋਇਆ ਹੈ? ਪਰ ਤੁਹਾਨੂੰ ਅਜਿਹੀਆਂ ਖ਼ਬਰਾਂ ਹੁਣ ਹੋਰ ਵੱਧ ਵਾਰ ਸੁਣਨ ਨੂੰ ਮਿਲ ਰਹੀਆਂ ਹਨ।'' ਜੈਸ਼ੰਕਰ ਨੇ ਕਿਹਾ, ''ਅੱਜ ਹਾਲਾਤ ਇਹ ਹਨ ਕਿ ਚੀਨ ਨਾਲ ਲੱਗਦੀ ਸਰਹੱਦ 'ਤੇ ਹਲਚਲ ਵਧ ਗਈ ਹੈ। ਇਸ ਲਈ ਲਗਾਤਾਰ ਵੱਡੀ ਗਿਣਤੀ 'ਚ ਸੈਨਿਕਾਂ ਦੀ ਤਾਇਨਾਤੀ ਦੀ ਲੋੜ ਪਈ ਹੈ। ਸੱਚਾਈ ਇਹ ਹੈ ਕਿ ਅਸੀਂ ਪਹਿਲਾਂ ਜੋ ਕੰਮ ਕੀਤਾ ਸੀ, ਉਸੇ ਦੀ ਬਦੌਲਤ ਉੱਥੇ ਇੰਨੀ ਵੱਡੀ ਗਿਣਤੀ 'ਚ ਸੈਨਿਕ ਤਾਇਨਾਤ ਕੀਤੇ ਜਾ ਸਕੇ ਹਨ ਅਤੇ ਅਸੀਂ ਜੋ ਕੰਮ ਅੱਗੇ ਵੀ ਕਰਦੇ ਰਹਾਂਗੇ, ਉਸ ਨਾਲ ਇਹ ਗਿਣਤੀ ਬਣੀ ਰਹੇਗੀ।'' ਜੈਸ਼ੰਕਰ ਨੇ ਕਿਹਾ, ''ਜਿੱਥੋ ਤੱਕ ਸਰਹੱਦ ਦੀ ਗੱਲ ਹੈ ਤਾਂ ਮੈਂ ਇਮਾਨਦਾਰੀ ਨਾਲ ਇਹ ਕਹਿਣਾ ਚਾਹਾਂਗਾ ਅਤੇ ਮੈਨੂੰ ਲਗਦਾ ਹੈ ਕਿ ਇਹ ਸਾਬਤ ਕਰਨ ਲਈ ਕਾਫ਼ੀ ਅੰਕੜੇ ਅਤੇ ਸਬੂਤ ਵੀ ਮੌਜੂਦ ਹਨ ਕਿ ਤਕਰੀਬਨ ਇੱਕ ਦਹਾਕਾ ਪਹਿਲਾਂ ਸਰਹੱਦ ਦੇ ਬੁਨਿਆਦੀ ਢਾਂਚੇ ਦੀ ਅਸਲ 'ਚ ਅਣਦੇਖੀ ਕੀਤੀ ਗਈ ਸੀ।'' **-ਪੀਟੀਆਈ**

ਭਾਰਤ-ਅਮਰੀਕਾ ਵਪਾਰ ਸਮਝੌਤਾ ਛੇਤੀ

ਨਵੀਂ ਦਿੱਲੀ: ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਅੱਜ ਕਿਹਾ ਕਿ ਭਾਰਤ ਅਤੇ ਅਮਰੀਕਾ ਨੇ ਤਜਵੀਜ਼ਤ ਵਪਾਰ ਸਮਝੌਤੇ ਨਾਲ ਜੁੜੇ ਜ਼ਿਆਦਾਤਰ ਮੁੱਦੇ ਸੁਲਝਾ ਲਏ ਹਨ ਅਤੇ ਰਹਿੰਦੇ ਮਸਲੇ ਸੁਲਝਾਉਣ ਲਈ ਵਾਰਤਾ ਜਾਰੀ ਹੈ। ਇਸ ਸਮਝੌਤੇ ਨੂੰ 'ਛੇਤੀ' ਹੀ ਅੰਤਿਮ ਰੂਪ ਦਿੱਤਾ ਜਾ ਸਕਦਾ ਹੈ। ਉਨ੍ਹਾਂ ਦੀ ਇਹ ਟਿੱਪਣੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜੀ-20 ਸਿਖਰ ਸੰਮੇਲਨ ਲਈ ਅਮਰੀਕਾ ਦੀ ਸੰਭਾਵੀ ਯਾਤਰਾ ਤੋਂ ਮਹੀਨਾ ਪਹਿਲਾਂ ਆਈ ਹੈ। ਉਨ੍ਹਾਂ ਕਿਹਾ ਕਿ ਗੱਲਬਾਤ ਹੁਣ 'ਆਖ਼ਰੀ ਗੇੜ' 'ਚ ਪਹੁੰਚ ਰਹੀ ਹੈ। ਬਾਕੀ ਬਚੇ ਕਈ ਮੁੱਦੇ 'ਭਾਰਤ ਵੱਲੋਂ ਨਹੀਂ' ਹਨ ਅਤੇ ਅਮਰੀਕੀ ਧਿਰ ਵੱਲੋਂ ਵਧੇਰੇ ਤਬਦੀਲੀ ਹੋਈ ਹੈ। **-ਪੀਟੀਆਈ**

ਟਿਊਬਵੈੱਲ ਕੁਨੈਕਸ਼ਨ

ਅਤੇ ਸਕਿਓਰਿਟੀ ਡਿਪਾਜ਼ਿਟ 400 ਰੁਪਏ ਤੋਂ ਘਟਾ ਕੇ 200 ਰੁਪਏ ਪ੍ਰਤੀ ਬੀ ਐੱਚ ਪੀ ਕਰ ਦਿੱਤਾ ਹੈ। ਬਿਜਲੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ 'ਵਾਲੰਟਰੀ ਡਿਸਕਲੋਜ਼ਰ ਸਕੀਮ' ਦਾ ਮਕਸਦ ਕਿਸਾਨਾਂ ਨੂੰ ਤੈਅ ਨਿਯਮਾਂ ਅਨੁਸਾਰ ਆਪਣੇ ਖੇਤੀਬਾੜੀ ਟਿਊਬਵੈੱਲਾਂ 'ਤੇ ਮੌਜੂਦ ਅਣਅਧਿਕਾਰਤ ਵਾਧੂ ਲੋਡ ਨਿਯਮਤ ਕਰਨ ਲਈ ਸੌਖਾ ਅਤੇ ਕਿਫ਼ਾਇਤੀ ਮੌਕਾ ਦੇਣਾ ਹੈ। ਇਹ ਸਕੀਮ ਸ਼ੁਰੂ ਵਿੱਚ 1 ਅਕਤੂਬਰ 2026 ਤੋਂ 14 ਨਵੰਬਰ 2026 ਤੱਕ ਲਾਗੂ ਕੀਤੀ ਗਈ। ਇਸ ਨੂੰ 45 ਦਿਨਾਂ ਲਈ ਹੋਰ ਵਧਾ ਦਿੱਤਾ ਗਿਆ ਹੈ। ਇਸ ਸਕੀਮ ਤਹਿਤ ਯੋਗ ਖੇਤੀਬਾੜੀ ਟਿਊਬਵੈੱਲ ਖ਼ਪਤਕਾਰ ਹੁਣ 29 ਦਸੰਬਰ, 2026 ਤੱਕ ਆਪਣੇ ਅਣਅਧਿਕਾਰਤ ਵਾਧੂ ਲੋਡ ਨੂੰ ਰੈਗੂਲਰ ਕਰਵਾ ਸਕਦੇ ਹਨ। ਬਿਜਲੀ ਮੰਤਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਵਧਾਈ ਗਈ ਮਿਆਦ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ 29 ਦਸੰਬਰ ਤੋਂ ਪਹਿਲਾਂ ਨਿਯਮਾਂ ਅਨੁਸਾਰ ਆਪਣੇ ਖੇਤੀਬਾੜੀ ਟਿਊਬਵੈੱਲਾਂ 'ਤੇ ਮੌਜੂਦ ਅਣਅਧਿਕਾਰਤ ਵਾਧੂ ਲੋਡ ਨੂੰ ਰੈਗੂਲਰ ਕਰਾਉਣ।

ਭਾਜਪਾ ਆਗੂ

ਅਕਾਲੀਆਂ ਨਾਲ ਗੱਠਜੋੜ ਨੁਕਸਾਨਦੇਹ ਸਾਬਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਆਖ਼ਰੀ ਫ਼ੈਸਲਾ ਪਾਰਟੀ ਹਾਈਕਮਾਨ ਕੋਲ ਹੋਵੇਗਾ ਅਤੇ ਹੇਠਲੇ ਪੱਧਰ ਦੇ ਲੀਡਰਾਂ ਦਾ ਇਸ ਮਾਮਲੇ ਵਿੱਚ ਬਹੁਤਾ ਪ੍ਰਭਾਵ ਨਹੀਂ ਹੋਵੇਗਾ। ਗਰੇਵਾਲ ਨੇ ਕਿਹਾ ਕਿ ਪਾਰਟੀ ਦੇ ਅੰਦਰ ਦੋ ਵਿਚਾਰ ਮੌਜੂਦ ਹਨ। ਕੁਝ ਭਾਜਪਾ ਲੀਡਰ ਜੋ ਖ਼ਾਸ ਕਰ ਕੇ ਦੂਜੀਆਂ ਪਾਰਟੀਆਂ ਤੋਂ ਸ਼ਾਮਲ ਹੋਏ ਹਨ, ਦੇ ਨਾਲ-ਨਾਲ ਲੋਕਾਂ ਦਾ ਇੱਕ ਵਰਗ ਮੰਨਦਾ ਹੈ ਕਿ ਚੋਣਾਂ ਜਿੱਤਣ ਲਈ ਗੱਠਜੋੜ ਜ਼ਰੂਰੀ ਹੈ। ਦੂਜੇ ਪਾਸੇ ਪਾਰਟੀ ਦੀ ਮੁੱਖ ਲੀਡਰਸ਼ਿਪ ਅਤੇ ਲੰਮੇ ਸਮੇਂ ਤੋਂ ਕੰਮ ਕਰਨ ਵਾਲੇ ਵਰਕਰ ਇਕੱਲੇ ਚੋਣ ਲੜਨ ਦੇ ਪੱਖ ਵਿੱਚ ਹਨ।

ਤੀਰਥ ਯਾਤਰੀ

ਵਾਸੀ ਸਵਿੰਦਰ ਸਿੰਘ ਸ਼ਾਮਲ ਹਨ। ਹਾਦਸੇ ਮਗਰੋਂ ਦੋ ਜਣਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਤਰਨ ਤਾਰਨ ਤੋਂ ਜਾ ਰਹੀ ਤੀਰਥ ਯਾਤਰਾ ਯੋਜਨਾ ਵਾਲੀ ਬੱਸ 'ਚ ਗਾਈਡ ਸਵਾਰ ਗੁਰਜੀਤ ਸਿੰਘ ਵਾਸੀ ਬਗਰਾੜੀ ਨੇ ਦੱਸਿਆ ਕਿ ਮੋਟਰਸਾਈਕਲ ਪਿੱਛੇ ਬੈਠੀ ਔਰਤ ਵੀ ਮ੍ਰਿਤਕਾਂ 'ਚ ਸ਼ਾਮਲ ਹੈ। ਇਕਦਮ ਹੀ 20 ਦੇ ਕਰੀਬ ਜ਼ਖ਼ਮੀਆਂ ਦੇ ਆ ਜਾਣ ਕਾਰਨ ਹਸਪਤਾਲ 'ਚ ਡਾਕਟਰਾਂ ਨੂੰ ਇੱਕ-ਇੱਕ ਬੈੱਡ ਉਪਰ ਤਿੰਨ-ਤਿੰਨ ਜਣਿਆਂ ਨੂੰ ਲਿਟਾਉਣਾ ਪਿਆ। ਡਿਪਟੀ ਕਮਿਸ਼ਨਰ ਡਾ. ਨਿਰਮਲ ਓਸੋਪਚਣ ਅਤੇ ਐੱਸ ਐੱਸ ਪੀ ਸੁਰਿੰਦਰ ਲਾਂਬਾ ਨੇ ਹਸਪਤਾਲ ਦਾ ਦੌਰਾ ਕਰ ਕੇ ਜ਼ਖ਼ਮੀਆਂ ਦਾ ਹਾਲ-ਚਾਲ ਪੁੱਛਿਆ। ਹਾਦਸੇ ਬਾਰੇ ਨੇੜਲਿਹਰਾ ਪੰਨੂਆਂ ਦੇ ਲੋਕਾਂ ਨੂੰ ਜਿਉਂ ਹੀ ਜਾਣਕਾਰੀ ਮਿਲੀ ਤਾਂ ਉਹ ਆਪਣੇ ਸਾਰੇ ਕੰਮ ਛੱਡ ਕੇ ਬਚਾਅ ਕਾਰਜਾਂ 'ਚ ਜੁਟ ਗਏ।

SBI **ਸਟੇਟ ਬੈਂਕ ਆਫ ਇੰਡੀਆ, ਸਟ੍ਰੈਸਡ ਐਸਟਸ ਮੈਨੇਜਮੈਂਟ ਬ੍ਰਾਂਚ-II,**

11ਵੀਂ ਮੰਜ਼ਿਲ, ਜਵਾਹਰ ਵਪਾਰ ਭਵਨ, 1-ਟੌਲਸਟਾਏ ਮਾਰਗ, ਨਵੀਂ ਦਿੱਲੀ-110001, E mail id: agmcl1.50950@sbi.co.in, Ph: 011-43179555, Mob: 9166344999

ਈ-ਨਿਲਾਮੀ ਵਿਕਰੀ ਸੂਚਨਾ

"ਜ਼ਮੀਮਾ-IV ਏ ਤੇ II-ਏ" [ਨਿਯਮ 8(6) ਤੇ 6(2) ਦੀਆਂ ਵਿਵਸਥਾਵਾਂ ਦੇਖੋ] **ਚੱਲ/ਅਚੱਲ ਪ੍ਰਾਪਰਟੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ**

ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ 2002 ਦੇ ਨਿਯਮ 8(6) ਤੇ 6(2) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਣ ਵਾਲੇ ਸਕਿਓਰਿਟਾਈਜ਼ੇਸ਼ਨ ਐਂਡ ਰਿਕੰਸਟਰਕਸ਼ਨ ਆਫ ਫਾਇਨਾਂਸ਼ੀਅਲ ਐਸਟਸ ਐਂਡ ਐਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002 ਤਹਿਤ ਚੱਲ/ਅਚੱਲ ਅਸਾਸਿਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ।

ਆਮ ਜਨਤਾ ਤੇ ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਾਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੁਰੱਖਿਅਤ ਕ੍ਰੈਡਿਟਰ ਦੇ ਕੋਲ ਗਿਰਵੀ ਰੱਖੀਆਂ//ਚਾਰਜ਼ਡ ਨਿਮਨ ਵਰਣਤ ਚੱਲ ਤੇ ਅਚੱਲ ਪ੍ਰਾਪਰਟੀਆਂ ਨੂੰ ਸਟੇਟ ਬੈਂਕ ਆਫ ਇੰਡੀਆ ਦੇ ਅਧਿਕਾਰਤ ਅਫਸਰ ਵੱਲੋਂ ਫਿਜ਼ੀਕਲ ਕਬਜ਼ਾ ਲੈਂਦੇ ਹੋਏ ਸਬੰਧਤ ਕਰਜ਼ਦਾਰਾਂ, ਗਾਰੰਟਰਾਂ ਤੇ ਗਿਰਵੀਦਾਤਾਵਾਂ ਤੋਂ ਵਸੂਲੀਯੋਗ ਸਟੇਟ ਬੈਂਕ ਆਫ ਇੰਡੀਆ ਦੀ ਬਣਦੀ ਰਕਮ ਨੂੰ ਵਸੂਲਣ ਲਈ ਨਿਮਨ-ਵਰਣਤ ਮਿਤੀਆਂ ਨੂੰ **"ਜਿਵੇਂ ਹੈ, ਜਿੱਥੇ ਹੈ"** ਅਤੇ **"ਜਿਸ ਵੀ ਹਾਲਤ ਵਿਚ ਹੈ"** ਆਧਾਰ 'ਤੇ ਵੇਚਿਆ ਜਾਵੇਗਾ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਤੇ ਪ੍ਰਾਪਰਟੀ ਦਾ ਵੇਰਵਾ ਹੇਠ ਵਰਣਤ ਕੀਤਾ ਗਿਆ ਹੈ:-

ਪਤੇ ਸਹਿਤ ਕਰਜ਼ਦਾਰ/ਗਾਰੰਟਰ ਦਾ ਨਾਂ	ਨਿਲਾਮੀ ਅਧੀਨ ਚੱਲ ਤੇ ਅਚੱਲ ਪ੍ਰਾਪਰਟੀਆਂ ਦਾ ਵੇਰਵਾ	ਰਾਖਵੀਂ ਕੀਮਤ (ਆਰਪੀ) / ਬਿਆਨਾ ਰਕਮ, ਰਾਖਵੀਂ ਕੀਮਤ ਦੀ 10% / ਬੋਲੀ ਵਾਧਾ ਰਕਮ	ਬਕਾਇਆ ਰਕਮ	ਅਧਿਕਾਰਤ ਅਫਸਰ ਦੇ ਨਾਂ ਸਹਿਤ ਆਨ ਸਾਈਟ ਪ੍ਰਾਪਰਟੀ ਨਿਰੀਖਣ ਦੀ ਮਿਤੀ/ਸਮਾਂ	ਬੋਲੀ ਦਰਖਾਸਤ ਫਾਰਮ, ਕੇਵਾਈਸੀ ਦਸਤਾਵੇਜ਼, ਪੈਨਕਾਰਡ M/S PSB ALLIANCE (BAANKNET) ਰਾਹੀਂ ਬਿਆਨਾ ਰਕਮ ਜਮ੍ਹਾਂ ਕਰਵਾਉਣ ਦੇ ਸ਼ਬੂਤ, ਜਮ੍ਹਾਂ ਕਰਾਉਣ ਲਈ ਮਿਤੀ ਤੇ ਸਮਾਂ	10 ਮਿੰਟ ਹਰੇਕ ਦੇ ਆਟੋ ਐਕਸਟੇਂਸ਼ਨ ਸਹਿਤ ਈ-ਨਿਲਾਮੀ ਦੀ ਮਿਤੀ ਤੇ ਸਮਾਂ
ਮੈ. ਕਵਾਲਿਟੀ ਓਵਰਸੀਜ਼ ਪ੍ਰਾਈ. ਲਿਮ., ਰਜਿ. ਦਫਤਰ: 863, ਇੰਡਸਟਰੀਅਲ ਏਰੀਆ ਏ, ਲੁਧਿਆਣਾ-141001, **ਸ੍ਰੀ ਰਾਕੇਸ਼ ਕੁਮਾਰ ਗੋਇਲ (ਡਾਇਰੈਕਟਰ ਅਤੇ ਗਾਰੰਟਰ),** 2-C, ਸਰਾਭਾ ਨਗਰ, ਲੁਧਿਆਣਾ, ਪੰਜਾਬ-141001 **ਸ੍ਰੀਮਤੀ ਗੀਤਾ ਗੋਇਲ (ਡਾਇਰੈਕਟਰ ਅਤੇ ਗਾਰੰਟਰ),** 2-C, ਸਰਾਭਾ ਨਗਰ, ਲੁਧਿਆਣਾ, ਪੰਜਾਬ-141001 **ਸ੍ਰੀ ਰਜਤ ਗੋਇਲ (ਗਾਰੰਟਰ, ਮਾਰਟਗੇਜਰ ਅਤੇ ਮਾਲਕ- ਮੈ. ਗੁਪਤਾ ਲੂਮ ਇੰਡਸਟਰੀਜ਼),** 2-C, ਸਰਾਭਾ ਨਗਰ, ਲੁਧਿਆਣਾ, ਪੰਜਾਬ-141001	**ਇੰਡਸਟ੍ਰੀਅਲ ਸ਼ੈੱਡ-ਐਮ.ਸੀ. ਨੰ. ਬੀ-XXIII-2498/870, ਪਲਾਟ ਨੰ. 851, ਆਰ.ਕੇ. ਰੋਡ, ਇੰਡਸਟ੍ਰੀਅਲ ਏਰੀਆ-ਏ-ਲੁਧਿਆਣਾ ਵਿਖੇ ਸਥਿਤ, ਜ਼ਮੀਨ ਮਾਪ 2140 ਵਰਗ ਗਜ਼ ਅਤੇ 31800 ਵਰਗ ਫੁੱਟ ਬਿਲਡਿੰਗ ਉਸ 'ਤੇ ਨਿਰਮਿਤ, ਸਹਿਤ। ਮੈ. ਗੁਪਤਾ ਲੂਮ ਇੰਡਸਟਰੀਜ਼ ਮਾਰਫਤ ਪ੍ਰੋਪਰਾਈਟਰ ਸ੍ਰੀ ਰਜਤ ਗੋਇਲ ਦੇ ਨਾਂ 'ਤੇ। ਪਲਾਂਟ ਅਤੇ ਮਸ਼ੀਨਰੀ- ਐਮਸੀ ਨੰ. ਬੀ-XXIII-2498/870, ਪਲਾਟ ਨੰ. 851, ਆਰ.ਕੇ. ਰੋਡ, ਇੰਡਸਟ੍ਰੀਅਲ ਏਰੀਆ ਏ-ਲੁਧਿਆਣਾ ਵਿਖੇ। (ਭੌਤਿਕ ਕਬਜ਼ਾ)**	**Rs. 7,62,00,000.00 / Rs. 76,20,000.00 / Rs. 2,00,000.00** Break Up of Reserve Price: Land & Building: Rs. 7,07,00,000.00 Plant & Machinery: Rs. 44,00,000.00 Inventory: Rs. 11,00,000.00	**Rs. 50,01,38,785.80/-** (Fifty Crores One Lacs Thirty Eight Thousand Seven Hundred Eighty Five and Eighty Paise Only) **as on 31.10.2026** plus further interest, expenses and other charges thereon.	**25.11.2026** 12.00 Noon to 03.00 PM **Authorised Officer : Ms. Mahima Gupta Chief Manager Mob: 9166344999, 9490188128**	**before closing of e-auction**	**03.12.2026** (Thursday) From 12.00 Noon to 03.00 PM with unlimited extensions of 10